(i) Printed Pages : 3 Roll No. ................................

(ii) Questions : 8 **Sub. Code :** | 1 | 3 | 4 | 2 | 7 |

**Exam. Code :** | 5 | 0 | 4 | 2 |

**Bachelor of Computer Application (FYUP) 2nd Semester**

**(2056)**

**PUNJABI LOK GEET ATE VIHARAK PUNJABI**

**Paper : PUNC201**

**Time Allowed : Three Hours]** **[Maximum Marks : 45**

**ਨੋਟ :—** (1) ਯੂਨਿਟ ਪਹਿਲਾ ਦੇ **ਤਿੰਨ** ਭਾਗ ਹਨ ਅਤੇ 20 ਅੰਕ ਹਨ।

(2) ਯੂਨਿਟ ਦੂਜਾ ਦੇ **ਪੰਜ** ਭਾਗ ਅਤੇ ਕੁੱਲ 25 ਅੰਕ ਹਨ।

## ਯੂਨਿਟ-ਪਹਿਲਾ

1. ਹੇਠ ਲਿਖਿਆਂ ਵਿਚੋਂ ਕੋਈ **ਇਕ** ਪ੍ਰਸ਼ਨ ਕਰੋ:

(ੳ) 'ਸਿਹਰੇ ਦਾ ਮੁਲ' ਲੋਕ ਗੀਤ ਦਾ ਵਿਸ਼ਾ ਸਪਸ਼ੱਟ ਕਰੋ।

(ਅ) 'ਦੇਵੀਂ ਵੇ ਬਾਬਲਾ ਓਸ ਘਰੇ' ਲੋਕਗੀਤ ਦਾ ਕੇਂਦਰੀ ਭਾਵ ਸਪਸ਼ਟ ਕਰੋ। 8×1=8

2. ਹੇਠ ਲਿਖਿਆਂ ਵਿਚੋਂ ਕੋਈ **ਦੋ** ਪ੍ਰਸ਼ਨ ਕਰੋ। ਹਰ ਪ੍ਰਸ਼ਨ ਦੇ **ਚਾਰ** ਅੰਕ ਹਨ।

(ੳ) 'ਲੱਜ ਤੁਹਾਨੂੰ ਨਹੀਂ' ਲੋਕਗੀਤ ਵਿਚ ਲਾੜੇ ਦੇ ਪਿਓ ਪ੍ਰਤੀ ਕਿਸ ਤਰ੍ਹਾਂ ਦੇ ਭਾਵ ਅਭਿਵਿਅਕਤ ਕੀਤੇ ਗਏ ਹਨ?

(ਅ) 'ਆਪ ਗੋਰੀ ਵਰ ਸੋਂਲਾ' ਵਿਚ ਬਾਪ ਧੀ ਦੀ ਵਾਰਤਾਲਾਪ ਦਾ ਕੇਂਦਰੀ ਧੁਰਾ ਕੀ ਹੈ?

(ੲ) 'ਜੰਞ ਖੋਲ੍ਹਣ' ਲਈ ਕਿਹੜਾ ਗੀਤ ਗਾਇਆ ਜਾਂਦਾ ਹੈ?

(ਸ) 'ਉਚਿਓ ਸਾਜਣੋਂ' ਲੋਕਗੀਤ ਦਾ ਮੂਲ ਭਾਵ ਕੀ ਹੈ? 4×2=8

3. ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਕਾਵਿ ਟੁਕੜੀ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ:

ਵੇ ਮੇਰਾ ਸਿਉਨੇ ਦਾ ਕੰਗਣ, ਵਿਚ ਰੂਪੇ ਦੀ ਧਾਰੀ।

ਲਾੜੇ ਦੇ ਅੰਮਾ ਨੀ, ਫਿਰੇ ਹਾਰੀ ਸ਼ਿੰਗਾਰੀ।

ਇਹਦਾ ਰੂਪ-ਸ਼ਿੰਗਾਰ ਵੇ, ਪਾ ਧਰਿਓ ਪਟਾਰੀ।

ਵੇ ਇਹਦਾ ਜੋਬਨ ਖਿੜਿਆ ਵੇ, ਜਿਉਂ ਖਰਬੂਜੇ ਫਾੜੀ।

ਵੇ ਇਹਦੀ ਡੁੱਲ੍ਹ ਨਾ ਜਾਵੇ ਵੇ, ਸੁਰਮੇ ਦੀ ਧਾਰੀ।

ਵੇ ਮੇਰਾ ਸਿਉਨੇ ਦਾ ਕੰਗਣ, ਵਿਚ ਰੂਪੇ ਦੀ ਧਾਰੀ।

**ਜਾਂ**

ਉੱਚੇ ਉੱਚੇ ਮਹਿਲ ਪੁਆਵੋ, ਛਤਾਵੋ ਰਾਜੇ ਰਾਵਟੀਆਂ।

ਹਰਿਆ ਹਰਿਆ ਗੋਹਾ ਮੰਗਾਵੋ, ਲਿਆਵੋ ਰਾਜੇ ਰਾਵਟੀਆਂ।

ਚਿੱਟੇ ਚਿੱਟੇ ਚਾਵਲ ਪਿਹਾਵੋ, ਚਿਤਾਵੋ ਰਾਜੇ ਰਾਵਟੀਆਂ। 4×1=4

## ਯੂਨਿਟ-ਦੂਜਾ

4. ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਸ਼ਬਦਾਂ ਦਾ ਪੰਜਾਬੀ ਅਨੁਵਾਦ ਕਰੋ:

Information, Join, Delete, Linear, mailing list, Public domain, save

5×1=5

5. ਹੇਠ ਲਿਖਿਆਂ ਵਿਚੋਂ **ਪੰਜ** ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਉ:

ਸਿਰ ਖੁਰਕਣ ਦੀ ਵਿਹਲ ਨਾ ਹੋਈ, ਦਿਲ ਖੱਟਾ ਹੋਣਾ, ਕੰਨਾਂ ਵਿਚ ਰੂੰ ਦੇਣੀ, ਪੈਰ ਕਬਰ ਵਿਚ ਹੋਣੇ, ਲੱਕ ਟੁੱਟਣਾ, ਉਂਗਲ ਕਰਨੀ, ਚਾਂਦੀ ਦੀ ਜੁੱਤੀ ਮਾਰਨੀ 5×1=5



Scanned with OKEN Scanner

6. ਹੇਠ ਲਿਖਿਆਂ ਵਿਚੋਂ **ਪੰਜ** ਸ਼ਬਦਾਂ ਦੇ ਵਿਰੋਧੀ ਅਰਥ ਦੱਸ ਕੇ ਉਹਨਾਂ ਦੀ ਵਾਕਾਂ ਵਿਚ ਵਰਤੋਂ ਕਰੋ:

ਉਦਾਸੀ, ਅਭਾਗਾ, ਅਦਬ, ਸੰਤੋਖ, ਖੰਡਨ, ਨਿਰਮਲ, ਜਿਸਮ $5 \times 1 = 5$

7. ਹੇਠ ਲਿਖੀਆਂ ਵਿਚੋਂ ਕਿਸੇ **ਪੰਜ** ਸ਼ਬਦਾਂ ਦੇ **ਦੋ-ਦੋ** ਅਰਥ ਦੱਸ ਕੇ ਉਹਨਾਂ ਦੇ ਵਾਕ ਬਣਾਉ:

ਉਤਾਰ, ਸਾਂਗ, ਖ਼ਤ, ਕਾਲ, ਚੱਪਾ, ਘਰ, ਚਾਟ $\frac{1}{2} \times 10 = 5$

8. ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਨੂੰ ਅਗੇਤਰ/ਪਿਛੇਤਰ ਵਜੋਂ ਵਰਤ ਕੇ **ਦੋ-ਦੋ** ਸ਼ਬਦ ਬਣਾਉ:

ਦੂਰ, ਮਨ, ਸਰ, ਤ੍ਰੈ, ਏਲੀ, ਤੰਤਰ, ਸ਼ੀਲ। $5 \times 1 = 5$